ਪੰਜਾਬ ਸਰਕਾਰ
**ਰਾਸ਼ਟਰੀ ਸਿਹਤ ਮਿਸ਼ਨ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ, 160036
**Phone.** 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./20/ਐਮ.ਐਚ.ਆਰ/ 58063 ਮਿਤੀ- 3/12/2020

**ਹੁਕਮ**

**ਰਾਸ਼ਟਰੀ ਸਿਹਤ ਮਿਸ਼ਨ ਅਧੀਨ ਮੁਲਾਜ਼ਮਾਂ ਯੂਨੀਅਨਾਂ ਦੀਆਂ ਮੰਗਾ ਨੂੰ ਵਿਚਾਰਦੇ ਹੋਏ ਹੇਠ ਲਿਖੇ ਅਨੁਸਾਰ ਰਾਸ਼ਟਰੀ ਸਿਹਤ ਮਿਸ਼ਨ ਅਧੀਨ ਛੁੱਟੀਆਂ ਦੇਣ ਸਬੰਧੀ ਹੁਕਮ ਜਾਰੀ ਕੀਤੇ ਜਾਂਦੇ ਹਨ:-**

1. ਰਾਸ਼ਟਰੀ ਸਿਹਤ ਮਿਸ਼ਨ ਅਧੀਨ ਕੈਂਸਰ ਦੀ ਬਿਮਾਰੀ ਨਾਲ ਪੀੜਤ ਕਰਮਚਾਰੀਆਂ ਨੂੰ ਕੀਮੋਥੈਰਪੀ ਜਾਂ ਰੇਡੀਏਸ਼ਨ ਥੈਰਪੀ ਆਦਿ ਕਰਵਾਉਣ ਲਈ ਤਨਖਾਹ ਸਮੇਤ ਛੁੱਟੀ ਮੰਨਜੂਰ ਕੀਤੀ ਜਾਵੇਗੀ। ਇਸ ਸਬੰਧੀ ਸਿਵਲ ਸਰਜਨ ਮਾਹਿਰਾਂ ਦੀ ਸਲਾਹ ਉਪਰੰਤ ਇਹ ਤਸਦੀਕ ਕਰਕੇ ਭੇਜਣ ਗਏ ਕਿ ਸਬੰਧਤ ਕਰਮਚਾਰੀ ਨੂੰ ਕੀਮੋਥੈਰਪੀ ਜਾਂ ਰੇਡੀਏਸ਼ਨ ਥੈਰਪੀ ਦੌਰਾਨ ਛੁੱਟੀ ਦੀ ਜਰੂਰਤ ਹੈ। ਇਹ ਛੁੱਟੀ ਐਨ.ਐਚ.ਐਮ. ਅਧੀਨ ਦਿੱਤੀ ਜਾਂਦੀ ਮੈਡੀਕਲ ਛੁੱਟੀ ਤੋਂ ਅਲੱਗ ਹੋਵੇਗੀ।
2. COVID-19 ਡਿਊਟੀ ਦੌਰਾਨ ਜਾਂ ਦਫਤਰੀ ਡਿਊਟੀ ਦੌਰਾਨ ਜਿਵੇਂ ਕਿ ਕਿਸੇ ਟੂਰ, ਟ੍ਰੇਨਿੰਗ ਤੇ ਗਏ ਕਿਸੇ ਕਰਮਚਾਰੀ ਨਾਲ ਕੋਈ ਹਾਦਸਾ/ਐਕਸੀਡੈਂਟ ਹੋ ਜਾਂਦਾ ਹੈ ਤਾਂ ਐਕਸੀਡੈਂਟ ਦੇ ਇਲਾਜ ਲਈ ਕਰਮਚਾਰੀ ਨੂੰ ਤਨਖਾਹ ਸਮੇਤ ਛੁੱਟੀ ਦਿੱਤੀ ਜਾਵੇਗੀ। ਸਿਵਲ ਸਰਜਨ ਇਹ ਤਸਦੀਕ ਕਰਕੇ ਭੇਜਣ ਗਏ ਕਿ ਸਬੰਧਤ ਕਰਮਚਾਰੀ ਨੂੰ ਇਲਾਜ ਲਈ ਛੁੱਟੀ ਦੀ ਜਰੂਰਤ ਹੈ ਜਾਂ ਨਹੀਂ। ਇਹ ਛੁੱਟੀ ਐਨ.ਐਚ.ਐਮ. ਅਧੀਨ ਦਿੱਤੀ ਜਾਂਦੀ ਮੈਡੀਕਲ ਛੁੱਟੀ ਤੋਂ ਅਲੱਗ ਹੋਵੇਗੀ।
3. COVID-19 ਦੀ ਮਾਹਾਮਾਰੀ ਨਾਲ ਪੀੜਤ ਕਰਮਚਾਰੀਆਂ ਨੂੰ 17 ਦਿਨਾਂ ਦੀ ਤਨਖਾਹ ਸਮੇਤ ਇਕਾਂਤਵਾਸ ਛੁੱਟੀ ਤੋਂ ਇਲਾਵਾ ਹੋਰ ਵਾਧੂ ਛੁੱਟੀ ਵੀ ਦਿੱਤੀ ਜਾਵੇਗੀ। ਜੇਕਰ ਕੋਈ ਕਰਮਚਾਰੀ 17 ਦਿਨਾਂ ਬਾਅਦ ਵੀ ਬਿਮਾਰੀ ਤੋਂ ਪੂਰੀ ਤਰਾਂ ਠੀਕ ਨਹੀਂ ਹੁੰਦਾ ਤਾਂ ਕਰਮਚਾਰੀ ਨੂੰ 17 ਦਿਨਾਂ ਤੋਂ ਜਿਆਦਾ ਤਨਖਾਹ ਸਮੇਤ ਛੁੱਟੀ ਡਾਕਟਰਾਂ ਦੀ ਸਲਾਹ ਅਨੁਸਾਰ ਸਿਵਲ ਸਰਜਨ ਵੱਲੋਂ ਤਸਦੀਕ ਕਰਨ ਉਪਰੰਤ ਦਿੱਤੀ ਜਾਵੇਗੀ । ਇਹ ਛੁੱਟੀ ਐਨ.ਐਚ.ਐਮ. ਅਧੀਨ ਦਿੱਤੀ ਜਾਂਦੀ ਮੈਡੀਕਲ ਛੁੱਟੀ ਤੋਂ ਅਲੱਗ ਹੋਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਸ਼ਨ ਡਾਇਰੈਕਟਰ**
**ਐਨ.ਐਚ.ਐਮ.ਪੰਜਾਬ।**



p.T.O.

ਪਿੰਠ ਅੰਕਣ ਨੰ. ਰ.ਸ.ਮ./ਪੰ./20/ਐਮ.ਐਚ.ਆਰ/58064-70 ਮਿਤੀ- 3/12/2020

ਉਪਰੋਕਤ ਦਾ ਉਤਾਰਾ:-

1. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਾਣਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
2. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
3. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪੀ.ਐਚ.ਐਸ.ਸੀ. ਮੋਹਾਲੀ।
5. ਡਾਇਰੈਕਟਰ ਆਯੂਰਵੈਦਾ ਅਤੇ ਹੋਮਿਓਪੈਥੀ ਪੰਜਾਬ।
6. ਸਮੂਹ ਸਿਵਲ ਸਰਜਨ ਪੰਜਾਬ।
7. ਡਾਇਰੈਕਟਰ ਵਿੱਤ ਐਨ.ਐਚ.ਐਮ. ਪੰਜਾਬ।

**ਮਿਸ਼ਨ ਡਾਇਰੈਕਟਰ**
**ਐਨ.ਐਚ.ਐਮ.ਪੰਜਾਬ।**